ਮਿਤੀ: ੧੪ ਜੂਨ ੨੦੨੫

**ਵਿਸ਼ਾ: ਆਦਰਸ਼ ਗੁਰਦੁਆਰਾ ਮਾਡਲ ਲਈ ਦਤਤਾਵੇਜ਼ ਤਿਆਰ ਕਰਨ ਦੀ ਕਮੇਟੀ ਦਾ ਗਠਨ**

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਗੁਰੂਦੁਆਰੈ ਹੋਇ ਸੋਝੀ ਪਾਇਸੀ॥
ਗੁਰਦੁਆਰਾ ਉਹ ਦਰ ਹੈ ਜਿਥੋਂ ਗੁਰ-ਸ਼ਬਦ ਵਿਚਾਰ ਰਾਹੀਂ ਜੀਵਨ ਨੂੰ ਸਵਾਰਨ ਦੀ ਸੋਝੀ ਮਿਲਦੀ ਹੈ। ਗੁਰਦੁਆਰਾ ਸਿੱਖ ਦੇ ਸਰਵਪੱਖੀ ਜੀਵਨ ਜਾਚ ਦੀ ਧਰਮਸਾਲ ਹੈ। ਭਾਈ ਕਾਹਨ ਸਿੰਘ ਜੀ ਨਾਭਾ 'ਮਹਾਨਕੋਸ਼' ਵਿੱਚ ਗੁਰਦੁਆਰੇ ਦੀ ਸੰਗਿਆ ਇਸ ਤਰਾਂ ਲਿਖਦੇ ਹਨ- "ਸਿੱਖਾਂ ਦਾ ਗੁਰਦੁਆਰਾ ਵਿਦਜਾਰਥੀਆਂ ਲਈ ਸਕੂਲ, ਆਤਮਜਿਗਜਾਸਾ ਵਾਲਿਆਂ ਲਈ ਗਜਾਨਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ, ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।"

ਪਰ ਅਫਸੋਸ ਅਜ ਬਹੁਤਾਤ ਗੁਰਦੁਆਰੇ ਗੋਲਕਾਂ ਭਰਨ ਅਤੇ ਪ੍ਰਧਾਨਗੀਆਂ ਸਾਂਭਣ ਦੇ ਮੰਤਵ ਨਾਲ ਕਰਮਕਾਂਡਾਂ ਨੂੰ ਵਧਾਵਾ ਦੇ ਕੇ ਪੂਜਾ ਦੇ ਸਥਾਨ ਬਣਦੇ ਜਾ ਰਹੇ ਹਨ, ਅਤੇ ਸ਼ਬਦ ਵਿਚਾਰ ਲਈ ਦਿਨ-ਬ-ਦਿਨ ਸਮਾਂ ਅਤੇ ਜਗ੍ਹਾ ਘਟਦੀ ਜਾ ਰਹੀ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ।

ਗੁਰਦੁਆਰੇ ਦੇ ਮਨੋਰਥ ਅਤੇ ਅਜੋਕੇ ਸਮੇਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਇੱਕ ਆਦਰਸ਼ ਗੁਰਦੁਆਰਾ ਮਾਡਲ ਦੀ ਜ਼ਰੂਰਤ ਹੈ, ਜਿਸਨੂੰ ਦਤਤਾਵੇਜ਼ ਵਿੱਚ ਦਰਜ ਕੀਤਾ ਜਾਵੇ। ਗੁਰਦੁਆਰਾ ਮਾਡਲ ਲਈ ਵਿਸਥਾਰ ਵਿੱਚ ਦਸਤਾਵੇਜ਼ ਤਿਆਰ ਕਰਨ ਲਈ ਪੰਜ ਮੈਂਬਰੀ ਕਮੇਟੀ ਦਾ ਐਲਾਨ ਕੀਤਾ ਜਾ ਰਿਹਾ ਹੈ, ਜਿਹਨਾ ਦੇ ਨਾਮ ਇਸ ਤਰਾਂ ਹਨ:

ਸ: ਭਵਖੰਡਨ ਸਿੰਘ (ਯੂਕੇ), ਸਰਦਾਰਨੀ ਲਖਵਿੰਦਰ ਪਾਲ ਕੌਰ (ਯੂਐਸ), ਸ: ਸਰਬਜੀਤ ਸਿੰਘ (ਮੁੰਬਈ), ਸ: ਗੁਰਭੇਜ ਸਿੰਘ ਅਨੰਦਪੁਰੀ (ਪੁਰਤਗਾਲ), ਸ: ਹਰਵਿੰਦਰ ਸਿੰਘ ਮਖੀਜਾ (ਪੂਨੇ)।
ਕਮੇਟੀ ਦੇ ਕਨਵੀਨਰ ਸ: ਭਵਖੰਡਨ ਸਿੰਘ (ਯੂਕੇ) ਹੋਣਗੇ।

ਪੰਜ ਮੈਂਬਰੀ ਕਮੇਟੀ ਜਿਸ ਆਦਰਸ਼ ਗੁਰਦੁਆਰਾ ਮਾਡਲ ਤੇ ਦਸਤਾਵੇਜ਼ ਤਿਆਰ ਕਰੇਗੀ ਉਸ ਵਿੱਚ ਹੇਠ ਲਿੱਖੇ ਨੁਕਤੀਆਂ ਨੂੰ ਧਿਆਨ ਵਿੱਚ ਜ਼ਰੂਰ ਰੱਖੀਆ ਜਾਵੇ:

੧) ਗੁਰਦੁਆਰਾ ਪ੍ਰਬੰਧ ਵਾਸਤੇ ਕਮੇਟੀ ਦੀ ਚੋਣ ਦੀ ਤਰਤੀਬ।
੨) ਕਰਮਕਾਂਡਾਂ ਤੋਂ ਬਗੈਰ ਗੁਰਦੁਆਰੇ ਦੀ ਆਮਦਨ ਦੇ ਸਰੋਤ।
੩) ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸ਼ਬਦ ਵਿਚਾਰ ਲਈ ਸਵੇਰੇ ਅਤੇ ਸ਼ਾਮ ਦੇ ਦਿਵਾਨ ਵਿੱਚ ਨਿਰਧਾਰਤ ਸਮਾਂ ਹੋਵੇ।
੪) ਵੱਖ-ਵੱਖ ਵਿਚਾਰਾਂ ਨੂੰ ਜਗ੍ਹਾ ਦੇਣ ਵਾਸਤੇ ਗੋਸ਼ਟਿ ਅਤੇ ਸਵਾਲ-ਜੁਆਬ ਲਈ ਪ੍ਰਬੰਧ।
੫) ਬੱਚਿਆਂ ਅਤੇ ਨੌਜੁਆਨਾ ਦਾ ਗੁਰਦੁਆਰੇ ਵਿੱਚ ਗੋਸ਼ਟਿ ਕਰਨ, ਅਤੇ ਕਿਤਾਬਾਂ ਪੜ੍ਹਨ ਦਾ ਰੁਝਾਨ ਵਧਾਉਣਾ ਲਈ ਯੋਜਨਾ।
੬) ਮਾਨਸਕ, ਪਰਿਵਾਰਕ ਅਤੇ ਕੈਰੀਅਰ ਦੇ ਮੱਸਲਿਆਂ ਤੇ ਕੁਸ਼ਲ ਕੌਂਸਲਿੰਗ ਦਾ ਪ੍ਰਬੰਧ।
੭) ਸੇਹਤਮੰਦ ਜੀਵਨ ਨੂੰ ਉਤਸ਼ਾਹਤ ਕਰਨ ਵਾਸਤੇ ਗਤਕਾ, ਖੇਡਾਂ ਜਾਂ ਜਿਮ ਦਾ ਪ੍ਰਬੰਧ।
੮) ਹਰ ਕਾਰਜ ਵਿੱਚ ਬੀਬੀਆਂ ਦੀ ਵੱਧ ਤੋਂ ਵੱਧ ਸ਼ਮੂਲਿਅਤ ਵਧਾਉਣ ਦੀ ਤਰਤੀਬ।
੯) ਬਜ਼ੁਰਗਾਂ ਦੇ ਸਮੇਂ ਅਤੇ ਉਹਨਾ ਦੇ ਵਿਸ਼ਾਲ ਤਜਰਬੇ ਨੂੰ ਸਾਂਭ ਕੇ ਕੌਮੀ ਕਾਰਜਾਂ ਵਲ ਲਾਉਣਾ।
੧੦) ਉਪਰ ਲਿੱਖੇ ਨੁਕਤਿਆਂ ਅਨੁਸਾਰ ਦੁਨਿਆ ਵਿੱਚ ਵਧੀਆ ਢੰਗ ਨਾਲ ਚਲ ਰਹੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨਾਲ ਰਾਬਤਾ ਬਣਾਕੇ ਉਹਨਾਂ ਨੂੰ ਸਟੱਡੀ ਕਰਕੇ ਦਸਤਾਵੇਜ਼ ਵਾਸਤੇ ਮਦਦ ਲੈਣੀ।

ਇਹ ਦਸਤਾਵੇਜ਼ ਤਿਆਰ ਹੋਣ ਉਪਰੰਤ ਸਰਬੱਤ ਖ਼ਾਲਸਾ ਵਲੋਂ ਇਸ ਨੂੰ ਛਾਪਿਆ ਜਾਵੇਗਾ ਅਤੇ ਸੰਗਤ ਵਿਚ ਪਰਚਾਰਿਆ ਜਾਵੇਗਾ। ਸੰਗਤਾਂ ਆਪਣੇ ਨਜ਼ਦੀਕੀ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੂੰ ਲਾਗੂ ਕਰਨ ਲਈ ਅਪੀਲ ਕਰ ਸਕਦੀਆਂ ਹਨ, ਅਤੇ ਇਸ ਅਨੁਸਾਰ ਕੁਝ ਗੁਰਦੁਆਰਿਆਂ ਦੀ ਚੋਣ ਕਰਕੇ, ਲਾਗੂ ਕਰਨ ਦੇ ਉਪਰਾਲੇ ਕੀਤੇ ਜਾਣਗੇ।

ਵੱਲੋਂ ਪੰਜ ਪ੍ਰਧਾਨੀ ਕੌਂਸਲ:
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।